# ਹੈਵੀ-ਡਿਊਟੀ ਜਾਂਚ ਅਤੇ ਦੇਖਰੇਖ (HD I/M) ਅਧਿਨਿਯਮ: ਪਿਛੋਕੜ ਅਤੇ 2013 ਵਿੱਚ ਸ਼ੁਰੂ ਹੋਣ ਵਾਲੇ ਪ੍ਰੋਗਰਾਮ ਦੀਆਂ ਲੋੜਾਂ

CALIFORNIA AIR RESOURCES BOARD

31 ਅਕਤੂਬਰ, 2022

ਇਹ ਤੱਥ ਸ਼ੀਟ ਕੈਲੀਫੋਰਨੀਆ ਵਿੱਚ ਚੱਲ ਰਹੇ ਹੈਵੀ-ਡਿਊਟੀ ਵਾਹਨਾਂ 'ਤੇ ਲਾਗੂ ਹੋਣ ਵਾਲੇ HD I/M ਅਧਿਨਿਯਮ ਦੇ ਪਿਛੋਕੜ ਬਾਰੇ ਜਾਣਕਾਰੀ ਪੇਸ਼ ਕਰਦੀ ਹੈ ਅਤੇ 2023 ਵਿੱਚ ਸ਼ੁਰੂ ਹੋਣ ਵਾਲੀਆਂ ਲੋੜਾਂ ਦਾ ਵਰਣਨ ਕਰਦੀ ਹੈ। ਇੱਕ ਵੱਖਰੀ ਤੱਥ ਸ਼ੀਟ ਪ੍ਰੋਗਰਾਮ ਵਿੱਚ ਮਿਆਦੀ ਤਾਮੀਲ ਟੈਸਟਿੰਗ ਨੂੰ ਸ਼ਾਮਲ ਕਰਨ ਲਈ 2024 ਦੇ ਟਾਈਮ-ਫ੍ਰੇਮ ਵਿੱਚ ਸ਼ੁਰੂ ਹੋਣ ਵਾਲੀਆਂ ਭਵਿੱਖ ਦੀਆਂ ਲੋੜਾਂ ਦਾ ਵਰਣਨ ਕਰਦੀ ਹੈ।

## *ਪਿਛੋਕੜ ਅਤੇ ਲਾਗੂ ਹੋਣ ਯੋਗਤਾ*

### HD I/M ਅਧਿਨਿਯਮ ਕੀ ਹੈ?

HD I/M ਅਧਿਨਿਯਮ ਜਨਵਰੀ 2023 ਵਿੱਚ ਸ਼ੁਰੂ ਹੋਣ ਵਾਲਾ ਇੱਕ ਨਵਾਂ ਪ੍ਰੋਗਰਾਮ ਹੈ ਤਾਂ ਜੋ ਕੈਲੀਫੋਰਨੀਆ ਵਿਚਲੇ ਪ੍ਰਦੂਸ਼ਣ ਫੈਲਾਉਣ ਵਾਲੇ, ਮਾੜੇ ਤਰੀਕੇ ਨਾਲ ਦੇਖਰੇਖ ਕੀਤੇ ਜਾਂਦੇ ਹੈਵੀ-ਡਿਊਟੀ ਵਾਹਨਾਂ ਦੀ ਜਲਦ ਸ਼ਨਾਖਤ ਅਤੇ ਮੁਰੰਮਤ ਹੋ ਸਕੇ। ਦਹਾਕਿਆਂ ਤੋਂ 'ਬਿਊਰੋ ਆਫ ਆਟੋਮੋਟਿਵ ਰਿਪੇਅਰਜ਼ ਸਮੌਗ ਚੈੱਕ ਪ੍ਰੋਗਰਾਮ' ਦੇ ਰਾਹੀਂ ਯਾਤਰੀ ਵਾਹਨਾਂ ਅਤੇ ਮੁਕਾਬਲਤਨ ਹਲਕੇ ਟਰੱਕਾਂ ਕੋਲੋਂ ਮਿਆਦੀ ਧੂੰ-ਨਿਕਾਸੀਆਂ ਸੰਬੰਧੀ ਜਾਂਚਾਂ (emissions testing) ਕਰਵਾਉਣਾ ਲੋੜਿਆ ਜਾਂਦਾ ਰਿਹਾ ਹੈ। ਹੁਣ ਕੈਲੀਫੋਰਨੀਆ ਦੇ ਸੜਕ-ਮਾਰਗਾਂ ਉੱਤੇ ਯਾਤਰਾ ਕਰਦੇ ਵੱਡੇ ਟਰੱਕ ਅਤੇ ਹੋਰ ਹੈਵੀ-ਡਿਊਟੀ ਵਾਹਨ ਵੀ ਸੜਕ-ਕਿਨਾਰੇ ਧੂੰ-ਨਿਕਾਸੀਆਂ ਦੀ ਪੜਤਾਲ ਕਰਨ ਦੇ ਨਾਲ ਇਹੋ ਜਿਹੀਆਂ ਲੋੜਾਂ ਦੇ ਅਧੀਨ ਹੋਣਗੇ ਤਾਂ ਜੋ ਫਾਲੋ-ਅੱਪ ਟੈਸਟਿੰਗ ਲਈ ਅਤੇ ਜੇ ਲੋੜ ਪੈਂਦੀ ਹੈ, ਤਾਂ ਧੂੰ-ਨਿਕਾਸੀਆਂ ਨਾਲ ਸੰਬੰਧਿਤ ਮੁਰੰਮਤਾਂ ਲਈ ਸੰਭਾਵੀ ਉੱਚ ਈਮਿਟਰਾਂ (ਜ਼ਿਆਦਾ ਧੂੰਆਂ ਛੱਡਣ ਵਾਲੇ ਵਾਹਨਾਂ) ਦੀ ਸ਼ਨਾਖਤ ਕੀਤੀ ਜਾ ਸਕੇ। ਪੂਰੀ ਤਰ੍ਹਾਂ ਲਾਗੂ ਹੋਣ 'ਤੇ, HD I/M ਅਧਿਨਿਯਮ ਹੈਵੀ-ਡਿਊਟੀ ਵਾਹਨਾਂ ਤੋਂ ਨਿਯਤ ਵਕਫਿਆਂ 'ਤੇ ਧੂੰ-ਨਿਕਾਸੀਆਂ ਦੀ ਜਾਂਚ ਕਰਵਾਉਣਾ ਲੋੜੇਗਾ ਤਾਂ ਜੋ ਧੂੰਏਂ ਨਾਲ ਨਿਕਲਣ ਵਾਲੇ ਕਣਾਂ ਵਾਲੇ ਮਾਦੇ (Particulate matter - PM) ਅਤੇ ਨਾਈਟਰੋਜਨ ਦੇ ਆਕਸਾਈਡਾਂ (NOx) ਨੂੰ ਘੱਟ ਕੀਤਾ ਜਾ ਸਕੇ, ਅਤੇ ਹਵਾ ਦੇ ਪ੍ਰਦੂਸ਼ਣ ਤੋਂ ਵਧੇਰੇ ਪ੍ਰਭਾਵਿਤ ਭਾਈਚਾਰਿਆਂ ਦੀ ਰੱਖਿਆ ਕੀਤੀ ਜਾ ਸਕੇ।

## ਕੈਲੀਫੋਰਨੀਆ ਵਿੱਚ HD I/M ਦੀ ਲੋੜ ਕਿਉਂ ਹੈ?

ਕੈਲੀਫੋਰਨੀਆ ਵਿੱਚ ਸੰਘਣੀ ਆਬਾਦੀ ਵਾਲੇ ਜ਼ਿਆਦਾਤਰ ਖੇਤਰ, ਜਿਵੇਂ ਕਿ ਸਾਊਥ ਕੋਸਟ ਅਤੇ ਸਨ ਜੋਆਕਵਿਨ ਵੈਲੀ ਦੇ ਵਾਯੂ ਬੇਸਿਨ, ਸੰਘੀ ਸਰਕਾਰ ਦੇ ਓਜ਼ੋਨ ਅਤੇ PM2.5 ਮਿਆਰਾਂ ਤੋਂ ਬਾਹਰ ਚਲੇ ਗਏ ਹਨ। ਕਈ ਵੱਡੀ ਆਬਾਦੀ ਵਾਲੇ ਖੇਤਰ ਅਤੇ ਆਰਥਿਕ ਤੌਰ 'ਤੇ ਵੰਚਿਤ ਭਾਈਚਾਰੇ ਭਾਰੀ ਟਰੱਕਾਂ ਵਾਲੇ ਟ੍ਰੈਫਿਕ ਖੇਤਰਾਂ ਵਿੱਚ ਸਥਿਤ ਹਨ। HD I/M, 'ਰਾਜ ਲਾਗੂਕਰਨ ਯੋਜਨਾ' (State Implementation Plan) ਦੀਆਂ ਵਚਨਬੱਧਤਾਵਾਂ ਨੂੰ ਹਾਸਲ ਕਰਨ ਅਤੇ ਸੰਘੀ ਸਰਕਾਰ ਦੇ ਚੌਗਿਰਦੇ ਦੀ ਹਵਾ ਦੀ ਕੁਆਲਟੀ ਦੇ ਮਿਆਰਾਂ ਦੇ ਵਧੇਰੇ ਨੇੜੇ ਪਹੁੰਚਣ ਅਤੇ ਇਹਨਾਂ ਖੇਤਰਾਂ ਵਿੱਚ, ਸਮੁੱਚੇ ਰਾਜ ਵਿੱਚ, ਅਤੇ ਖਾਸ ਤੌਰ 'ਤੇ ਹਵਾ ਪ੍ਰਦੂਸ਼ਣ ਤੋਂ ਗੈਰ-ਅਨੁਪਾਤਕੀ ਤਰੀਕੇ ਨਾਲ ਪ੍ਰਭਾਵਿਤ ਵੰਚਿਤ ਭਾਈਚਾਰਿਆਂ ਵਿੱਚ ਜਨਤਕ ਸਿਹਤ ਨੂੰ ਸੁਧਾਰਨ ਲਈ ਅਤੀ ਅਹਿਮ ਹੈ।

## HD I/M ਅਧਿਨਿਯਮ ਜਨਤਕ ਸਿਹਤ ਵਿੱਚ ਕਿਵੇਂ ਸੁਧਾਰ ਕਰਦਾ ਹੈ?

ਹੈਵੀ-ਡਿਊਟੀ ਵਾਹਨਾਂ ਦੀਆਂ PM (Particulate Matter -ਕਣਾਂ ਵਾਲਾ ਮਾਦਾ) ਅਤੇ Nox (ਨਾਈਟਰੋਜਨ ਆਕਸਾਈਡ) ਧੂੰ-ਨਿਕਾਸੀਆਂ (emissions) ਮਨੁੱਖੀ ਸਿਹਤ ਅਤੇ ਵਾਤਾਵਰਣ ਉੱਤੇ ਤਬਾਹਕੁੰਨ ਅਸਰ ਪਾਉਂਦੀਆਂ ਹਨ। ਡੀਜ਼ਲ PM ਇੱਕ ਕੈਂਸਰ ਪੈਦਾ ਕਰਨ ਵਾਲਾ ਜ਼ਹਿਰੀਲਾ ਹਵਾ ਪ੍ਰਦੂਸ਼ਕ ਹੈ। NOx ਓਜ਼ੋਨ ਰਚਨਾ ਅਤੇ ਕਈ ਹੋਰ ਹਵਾ ਨੂੰ ਜ਼ਹਿਰੀਲਾ ਕਰਨ ਵਾਲੇ ਪ੍ਰਦੂਸ਼ਕਾਂ ਦਾ ਪੂਰਵਵਰਤੀ (precursor) ਹੈ ਜਿਸ ਵਿੱਚ PM ਵੀ ਸ਼ਾਮਲ ਹੈ। PM ਅਤੇ ਓਜ਼ੋਨ ਨਾਲ ਸੰਪਰਕ ਦਾ ਸਿੱਟਾ ਗੰਭੀਰ ਮਾੜੇ ਸਿਹਤ ਪ੍ਰਭਾਵਾਂ ਦੇ ਰੂਪ ਵਿੱਚ ਨਿਕਲ ਸਕਦਾ ਹੈ ਜਿਵੇਂ ਕਿ ਦਮਾਂ, ਦਿਲ-ਫੇਫੜਿਆਂ ਅਤੇ ਸਾਹ-ਪ੍ਰਣਾਲੀ ਦੀ ਬਿਮਾਰੀ, ਅਤੇ ਸਮੇਂ ਤੋਂ ਪਹਿਲਾਂ ਮੌਤ।

HD I/M ਅਧਿਨਿਯਮ ਇਹਨਾਂ ਮਾੜੇ ਸਿਹਤ ਪ੍ਰਭਾਵਾਂ ਵਾਸਤੇ ਜ਼ਿੰਮੇਵਾਰ NOx ਅਤੇ PM ਧੂੰ-ਨਿਕਾਸੀਆਂ ਨੂੰ ਘੱਟ ਕਰੇਗਾ, ਖਾਸ ਕਰਕੇ ਟਰੱਕਾਂ ਦੀਆਂ ਧੂੰ-ਨਿਕਾਸੀਆਂ ਤੋਂ ਗੈਰ-ਅਨੁਪਾਤਕੀ ਤਰੀਕੇ ਨਾਲ ਪ੍ਰਭਾਵਿਤ ਖੇਤਰਾਂ ਵਿੱਚ। ਉਮੀਦ ਕੀਤੀ ਜਾਂਦੀ ਹੈ ਕਿ ਇਹ ਪਿਛਲੇ ਕਈ ਦਹਾਕਿਆਂ ਵਿੱਚ ਮਨਜ਼ੂਰ ਕੀਤੇ ਗਏ ਕੈਲੀਫੋਰਨੀਆ ਏਅਰ ਰਿਸੋਰਜ਼ ਬੋਰਡ (CARB) ਪ੍ਰੋਗਰਾਮਾਂ ਵਿੱਚੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਹੋਵੇਗਾ। 2024 ਵਿੱਚ, ਸਨ ਜੋਆਕਵਿਨ ਵੈਲੀ ਵਿੱਚ NOx ਧੂੰ-ਨਿਕਾਸੀਆਂ ਨੂੰ ਪ੍ਰਤੀ ਦਿਨ 8.6 ਟਨ ਘੱਟ ਕਰਨ, ਅਤੇ PM2.5 ਧੂੰ-ਨਿਕਾਸੀਆਂ ਨੂੰ 0.09 ਟਨ ਪ੍ਰਤੀ ਦਿਨ ਘੱਟ ਕਰਨ ਦਾ ਅਨੁਮਾਨ ਲਾਇਆ ਜਾਂਦਾ ਹੈ। ਅਨੁਮਾਨ ਲਾਇਆ ਜਾਂਦਾ ਹੈ ਕਿ 2037 ਵਿੱਚ, ਇਹ ਅਧਿਨਿਯਮ ਰਾਜ-ਵਿਆਪੀ NOx ਧੂੰ-ਨਿਕਾਸੀਆਂ ਨੂੰ ਪ੍ਰਤੀ ਦਿਨ 81.3 ਟਨ ਅਤੇ PM ਧੂੰ-ਨਿਕਾਸੀਆਂ ਨੂੰ ਪ੍ਰਤੀ ਦਿਨ 0.7 ਟਨ ਤੱਕ ਘਟਾ ਦੇਵੇਗਾ। ਇਹਨਾਂ ਕਟੌਤੀਆਂ ਦੇ ਸਿੱਟੇ ਵਜੋਂ ਸਮੁੱਚੇ ਰਾਜ ਵਿੱਚ ਲਗਭਗ 7,500 ਸਮੇਂ ਤੋਂ ਪਹਿਲਾਂ ਮੌਤਾਂ ਅਤੇ 6,000 ਹਸਪਤਾਲ ਵਿੱਚ ਭਰਤੀਆਂ ਤੋਂ ਬਚਿਆ ਜਾ ਸਕੇਗਾ। ਜਦ ਅਧਿਨਿਯਮ ਦੇ ਸਿਹਤ ਸੰਬੰਧੀ ਲਾਭਾਂ ਦੀ ਪੈਸੇ ਦੇ ਰੂਪ ਵਿੱਚ ਗਣਨਾ ਕੀਤੀ ਜਾਂਦੀ ਹੈ, ਤਾਂ ਇਹਨਾਂ ਦਾ ਮੁੱਲ ਲਗਭਗ $76 ਬਿਲੀਅਨ ਬਣਦਾ ਹੈ।

## ਕਿਹੜੇ ਹੈਵੀ-ਡਿਊਟੀ ਵਾਹਨਾਂ ਲਈ ਅਧਿਨਿਯਮ ਦੀ ਤਾਮੀਲ ਕਰਨਾ ਲਾਜ਼ਮੀ ਹੈ?

ਕੈਲੀਫੋਰਨੀਆ ਵਿੱਚ ਚੱਲਣ ਵਾਲੇ ਉਹਨਾਂ ਲਗਭਗ ਸਾਰੇ ਡੀਜ਼ਲ ਅਤੇ ਵਿਕਲਪਕ ਈਂਧਨ ਵਾਲੇ ਹੈਵੀ-ਡਿਊਟੀ ਟਰੱਕਾਂ ਅਤੇ ਬੱਸਾਂ ਵਾਸਤੇ ਤਾਮੀਲ ਕਰਨਾ ਲਾਜ਼ਮੀ ਹੈ ਜਿਨ੍ਹਾਂ ਦੀ ਕੁੱਲ ਵਾਹਨ ਭਾਰ ਰੇਟਿੰਗ 14,000 ਪੌਂਡ ਤੋਂ ਵੱਧ ਹੈ। ਇਸ ਵਿੱਚ ਹਾਈਬ੍ਰਿਡ ਟਰੱਕ ਅਤੇ ਬੱਸਾਂ, ਵਪਾਰਕ ਵਾਹਨ, ਨਿੱਜੀ-ਮਾਲਕੀ ਵਾਲੀਆਂ ਗੱਡੀਆਂ, ਸਰਕਾਰੀ ਵਾਹਨ, ਅਤੇ ਕੈਲੀਫੋਰਨੀਆ ਤੋਂ ਬਾਹਰ ਰਜਿਸਟਰਡ ਵਾਹਨ ਸ਼ਾਮਲ ਹਨ।

## ਕਿਹੜੇ ਵਾਹਨਾਂ ਨੂੰ ਅਧਿਨਿਯਮ ਤੋਂ ਛੋਟ ਹੈ?

ਹੇਠਾਂ ਦਿਖਾਈਆਂ ਕਿਸਮਾਂ ਵਾਲੇ ਹੈਵੀ-ਡਿਊਟੀ ਵਾਹਨਾਂ ਨੂੰ ਅਧਿਨਿਯਮ ਤੋਂ ਛੋਟ ਹੈ:

- ਜ਼ੀਰੋ-ਧੂੰ-ਨਿਕਾਸੀ (zero-emission) ਵਾਲੇ ਵਾਹਨ
- ਮਿਲਟਰੀ ਦੇ ਨੀਤੀਗਤ ਵਾਹਨ
- ਸੰਕਟਕਾਲੀ ਵਾਹਨ
- ਨਵੇਂ ਵਾਹਨ ਜਿਨ੍ਹਾਂ ਦੇ ਇੰਜਨ ਸਭ ਤੋਂ ਸਖਤ ਵਿਕਲਪਕ, NOx ਮਿਆਰ ਅਨੁਸਾਰ ਪ੍ਰਮਾਣਿਤ ਹਨ (ਪ੍ਰੋਗਰਾਮ ਲਾਗੂਕਰਨ ਦੇ ਸਿਰਫ਼ ਪਹਿਲੇ ਚਾਰ ਸਾਲਾਂ ਵਾਸਤੇ)
- ਕੈਲੀਫੋਰਨੀਆ ਤੋਂ ਬਾਹਰ ਰਜਿਸਟਰਡ ਮੋਟਰਘਰ
- ਪ੍ਰਯੋਗਿਕ ਪਰਮਿਟ ਤਹਿਤ ਚੱਲ ਰਹੇ ਵਾਹਨ
- ਇਤਿਹਾਸਕ ਵਾਹਨ

## ਕੀ ਸਰਕਾਰੀ ਵਾਹਨ HD I/M ਅਧਿਨਿਯਮ ਦੇ ਅਧੀਨ ਆਉਂਦੇ ਹਨ?

ਹਾਂ, ਸਥਾਨਕ, ਰਾਜਕੀ, ਅਤੇ ਸਰਕਾਰੀ ਵਾਹਨ HD I/M ਅਧਿਨਿਯਮ ਦੇ ਅਧੀਨ ਆਉਂਦੇ ਹਨ।

## ਕੀ ਸਿੰਗਲ ਵਾਹਨ (ਇੱਕ ਟਰੱਕ ਵਾਲੇ ਫਲੀਟ) HD I/M ਤੋਂ ਛੋਟ ਪ੍ਰਾਪਤ ਹਨ ਜਿਵੇਂ ਕਿ ਉਹ ਮਿਆਦੀ ਧੂੰਆਂ ਜਾਂਚ ਪ੍ਰੋਗਰਾਮ (PSIP) ਵਿੱਚ ਹਨ?

ਨਹੀਂ। ਸਿੰਗਲ ਵਾਹਨ ਵੀ HD I/M ਅਧਿਨਿਯਮ ਦੇ ਤਹਿਤ ਆਉਂਦੇ ਹਨ, ਜਦ ਤੱਕ ਕਿ ਉਹ ਅਜਿਹੀ ਕਿਸਮ ਦੇ ਵਾਹਨ ਨਾ ਹੋਣ ਜਿਸਨੂੰ ਵਿਸ਼ੇਸ਼ ਤੌਰ 'ਤੇ ਅਧਿਨਿਯਮ ਤੋਂ ਛੋਟ ਮਿਲੀ ਹੋਵੇ (ਉੱਪਰ ਦਿੱਤੀਆਂ ਛੋਟਾਂ ਦੇਖੋ)।

## HD I/M ਪ੍ਰੋਗਰਾਮ ਕਦੋਂ ਸ਼ੁਰੂ ਹੋਣ ਵਾਲਾ ਹੈ?

'ਸੜਕ-ਕਿਨਾਰੇ ਧੂੰ-ਨਿਕਾਸੀਆਂ ਦੀ ਨਿਗਰਾਨੀ ਕਰਨ ਵਾਲੀਆਂ ਡੀਵਾਈਸਾਂ' (REMD) ਦੀ ਵਰਤੋਂ ਨਾਲ ਪ੍ਰੋਗਰਾਮ ਜਨਵਰੀ 2023 ਵਿੱਚ ਸ਼ੁਰੂ ਹੋਵੇਗਾ ਤਾਂ ਜੋ ਉਹਨਾਂ ਵਾਹਨਾਂ ਦੀ ਪੜਤਾਲ ਕੀਤੀ ਜਾ ਸਕੇ ਜਿਨ੍ਹਾਂ ਦੀਆਂ ਉੱਚ-ਧੂੰ-ਨਿਕਾਸੀਆਂ (high emissions) ਹੋ ਸਕਦੀਆਂ ਹਨ। ਸੰਭਾਵੀ ਉੱਚ ਈਮਿਟਰਾਂ (ਵਧੇਰੇ ਧੂੰਆਂ ਛੱਡਣ ਵਾਲੇ ਵਾਹਨਾਂ) ਵਜੋਂ ਫਲੈਗ ਕੀਤੇ ਵਾਹਨਾਂ ਕੋਲੋਂ ਫਾਲੋ-ਅੱਪ ਵਾਹਨ ਤਾਮੀਲ ਟੈਸਟਿੰਗ ਕਰਵਾਉਣਾ ਲੋੜਿਆ ਜਾ ਸਕਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਉਚਿਤ ਤਰੀਕੇ ਨਾਲ ਕਾਰਜ ਕਰਦੇ ਧੂੰ-ਨਿਕਾਸੀਆਂ ਕੰਟਰੋਲ ਕਰਨ ਵਾਲੇ ਸਿਸਟਮਾਂ ਨਾਲ ਚੱਲ ਰਹੇ ਹਨ।

# *ਜਨਵਰੀ 2023 ਵਿੱਚ ਸ਼ੁਰੂ ਹੋਣ ਵਾਲੀਆਂ ਪ੍ਰੋਗਰਾਮ ਦੀਆਂ ਲੋੜਾਂ*

## ਜਦੋਂ ਜਨਵਰੀ 2023 ਵਿੱਚ HD I/M ਅਧਿਨਿਯਮ ਸ਼ੁਰੂ ਹੁੰਦਾ ਹੈ ਤਾਂ ਇੱਕ ਵਾਹਨ ਮਾਲਕ ਵਜੋਂ ਮੇਰੀਆਂ ਜ਼ਿੰਮੇਵਾਰੀਆਂ ਕੀ ਹਨ?

ਪਹਿਲੀ ਗੱਲ, ਆਪਣੇ ਵਾਹਨਾਂ ਨੂੰ ਚੰਗੀ ਤਰ੍ਹਾਂ ਸਾਂਭ-ਸੰਭਾਲ ਕਰਕੇ ਰੱਖੋ ਅਤੇ ਬਕਾਇਦਾ ਨਿਯਤ ਰੋਕਥਾਮਕਾਰੀ ਦੇਖਰੇਖ ਕਰਦੇ ਰਹੋ। ਜੇ ਤੁਹਾਡੇ ਵਾਹਨ ਦੀ REMD ਰਾਹੀਂ ਸੰਭਾਵੀ ਉੱਚ ਈਮਿਟਰ (ਵਧੇਰੇ ਧੂੰਆਂ ਛੱਡਣ ਵਾਲੇ ਵਾਹਨ) ਵਜੋਂ ਸ਼ਨਾਖਤ ਕੀਤੀ ਜਾਂਦੀ ਹੈ ਤਾਂ ਤੁਸੀਂ CARB ਕੋਲੋਂ 'ਟੈਸਟਿੰਗ ਲਈ ਸਪੁਰਦ ਕਰਨ ਲਈ ਨੋਟਿਸ' (Notice to Submit to Testing - NST) ਪ੍ਰਾਪਤ ਕਰੋਂਗੇ। ਪ੍ਰਾਪਤ ਹੋਣ 'ਤੇ, ਤੁਹਾਡੇ ਕੋਲ ਇੱਕ HD I/M ਟੈਸਟਰ ਵੱਲੋਂ ਕੀਤੇ ਗਏ HD I/M ਤਾਮੀਲ ਪਾਸ ਕਰਨ ਦੇ ਟੈਸਟ ਨੂੰ ਸੌਂਪਣ ਲਈ 30 ਕੈਲੰਡਰ ਦਿਨਾਂ ਦਾ ਸਮਾਂ ਹੋਵੇਗਾ। CARB ਕੋਲੋਂ ਪ੍ਰਾਪਤ ਹੋਏ ਪੱਤਰ ਵਿਚਲੀਆਂ ਹਿਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਓ ਅਤੇ ਆਪਣੇ ਵਾਹਨ ਦੀ ਜਾਂਚ ਕਰਵਾਉਣ ਅਤੇ ਟੈਸਟ ਦੇ ਨਤੀਜੇ CARB ਨੂੰ ਸੌਂਪਣ ਲਈ ਆਖਰੀ ਦਿਨ ਤੱਕ ਉਡੀਕ ਨਾ ਕਰੋ। ਇੱਕ ਵਾਰ ਜਦ CARB ਇਹ ਨਿਰਣਾ ਕਰ ਲੈਂਦਾ ਹੈ ਕਿ ਵਾਹਨ ਤਾਮੀਲ ਕਰਦਾ ਹੈ, ਤਾਂ NST ਦੇ ਜਵਾਬ ਵਜੋਂ ਤੁਹਾਨੂੰ ਹੋਰ ਕੁਝ ਵੀ ਕਰਨ ਦੀ ਲੋੜ ਨਹੀਂ ਹੋਵੇਗੀ।

## ਜੇ ਮੈਨੂੰ ਕੋਈ NST ਨੋਟਿਸ ਪ੍ਰਾਪਤ ਹੁੰਦਾ ਹੈ, ਤਾਂ ਮੇਰੇ ਵਾਹਨ ਨੂੰ ਕਿਸ ਕਿਸਮ ਦੀ ਟੈਸਟਿੰਗ ਦੀ ਲੋੜ ਪਵੇਗੀ?

ਤੁਹਾਡਾ ਵਾਹਨ ਕਿਸ ਕਿਸਮ ਦੇ HD I/M ਤਾਮੀਲ ਟੈਸਟ ਵਿੱਚੋਂ ਗੁਜ਼ਰੇਗਾ ਉਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੀ ਤੁਹਾਡਾ ਵਾਹਨ ਔਨ-ਬੋਰਡ ਡਾਇਗਨੌਸਟਿਕਸ (OBD) ਦੇ ਨਾਲ ਲੈਸ ਹੈ ਜਾਂ ਨਹੀਂ।

OBD ਨਾਲ ਲੈਸ ਵਾਹਨਾਂ ਕੋਲੋਂ ਲੋੜਿਆ ਜਾਂਦਾ ਹੈ ਕਿ ਇਹ CARB-ਪ੍ਰਮਾਣਿਤ OBD ਟੈਸਟ ਡੀਵਾਈਸ ਦੀ ਵਰਤੋਂ ਕਰਕੇ ਇੰਜਨ ਦੇ OBD ਡੇਟਾ ਦਾ ਸਕੈਨ ਕਰਵਾਉਣ। 2013 ਅਤੇ ਇਸ ਤੋਂ ਵਧੇਰੇ ਨਵੇਂ ਮਾਡਲ ਸਾਲ ਵਾਲੇ ਡੀਜ਼ਲ ਅਤੇ ਡੀਜ਼ਲ ਹਾਈਬ੍ਰਿਡ ਵਾਹਨਾਂ ਵਿੱਚ OBD ਸਿਸਟਮ ਹੁੰਦੇ ਹਨ। ਵਿਕਲਪਕ ਈਂਧਨ ਵਾਲੇ ਵਾਹਨਾਂ ਵਾਸਤੇ, 2018 ਅਤੇ ਇਸ ਤੋਂ ਵਧੇਰੇ ਨਵੇਂ ਮਾਡਲ ਸਾਲ ਵਾਲੇ ਇੰਜਨਾਂ ਵਿੱਚ OBD ਸਿਸਟਮ ਹੁੰਦੇ ਹਨ।

ਗੈਰ-OBD ਵਾਹਨ, ਦੂਜੇ ਸ਼ਬਦਾਂ ਵਿੱਚ, ਉਹ ਜੋ ਉਪਰੋਕਤ ਇੰਜਨ ਮਾਡਲ ਸਾਲ ਲਈ ਲੋੜਾਂ ਦੀ ਪੂਰਤੀ ਨਹੀਂ ਕਰਦੇ, ਉਹਨਾਂ ਕੋਲੋਂ ਧੂੰਏਂ ਦੀ ਅਪਾਰਦਰਸ਼ਤਾ ਦਾ ਟੈਸਟ (smoke opacity test) ਕਰਵਾਉਣਾ ਅਤੇ ਵਾਹਨ ਦੇ ਧੂੰ-ਨਿਕਾਸੀਆਂ ਕੰਟਰੋਲ ਕਰਨ ਵਾਲੇ ਸਾਜ਼ੋ-ਸਮਾਨ ਦੀ ਅੱਖੀਂ ਜਾਂਚ ਕਰਵਾਉਣਾ ਲੋੜਿਆ ਜਾਂਦਾ ਹੈ, ਜਿਸਨੂੰ 'ਵਾਹਨ ਧੂੰ-ਨਿਕਾਸੀਆਂ ਕੰਟਰੋਲ ਕਰਨ ਵਾਲੇ ਸਾਜ਼ੋ-ਸਮਾਨ ਦੀ ਜਾਂਚ' (Vehicle Emissions Control Equipment Inspection) ਕਿਹਾ ਜਾਂਦਾ ਹੈ। ਧੂੰਏਂ ਦੀ ਅਪਾਰਦਰਸ਼ਤਾ ਦਾ ਟੈਸਟ ਉਹੀ SAE J1667 ਝਟਪਟ ਪ੍ਰਵੇਗ ਧੂੰਆਂ ਜਾਂਚ (snap acceleration smoke inspection) ਹੈ ਜਿਸਨੂੰ CARB ਦੇ PSIP ਦੀ ਤਾਮੀਲ ਕਰਨ ਲਈ ਵਰਤਿਆ ਜਾਂਦਾ ਹੈ।

## ਕੀ ਮੈਨੂੰ ਅਜੇ ਵੀ PSIP ਨਾਲ ਤਾਮੀਲ ਵਾਸਤੇ ਆਪਣੀਆਂ ਸਾਲਾਨਾ ਧੂੰਆਂ ਜਾਂਚਾਂ ਕਰਵਾਉਣ ਦੀ ਲੋੜ ਹੈ?

ਜੇ ਤੁਸੀਂ ਅਜਿਹੇ ਵਾਹਨਾਂ ਦੇ ਮਾਲਕ ਹੋ ਜੋ PSIP ਦੇ ਤਹਿਤ ਆਉਂਦੇ ਹਨ, ਤਾਂ ਤੁਹਾਡੇ ਲਈ ਅਜੇ ਵੀ ਆਪਣੀਆਂ ਸਾਲਾਨਾ ਤਾਮੀਲ ਜਾਂਚਾਂ ਕਰਵਾਉਣਾ ਲਾਜ਼ਮੀ ਹੈ। ਜੇ ਕਿਸੇ NST ਦੇ ਨਤੀਜੇ ਵਜੋਂ ਤੁਹਾਡੇ ਵਾਹਨ ਦੀ ਤਾਮੀਲ ਟੈਸਟਿੰਗ ਕਰਵਾਉਣ ਦੀ ਲੋੜ ਪੈਂਦੀ ਹੈ, ਤਾਂ ਵਾਹਨ ਦੀ ਸਾਲਾਨਾ PSIP ਟੈਸਟਿੰਗ ਲੋੜ ਦੀ ਪੂਰਤੀ ਕਰਨ ਲਈ ਤੁਸੀਂ ਆਪਣੇ HD I/M ਤਾਮੀਲ ਟੈਸਟ ਪਾਸ ਕਰਨ ਲਈ ਅਪਲਾਈ ਕਰ ਸਕਦੇ ਹੋ।

## ਮੇਰੇ ਵਾਹਨਾਂ ਉੱਤੇ HD I/M ਤਾਮੀਲ ਟੈਸਟਿੰਗ ਕੌਣ ਕਰ ਸਕਦਾ ਹੈ?

ਤਾਮੀਲ ਟੈਸਟਿੰਗ ਲਾਜ਼ਮੀ ਤੌਰ ’ਤੇ ਕਿਸੇ HD I/M ਟੈਸਟਰ ਦੁਆਰਾ ਕੀਤਾ ਜਾਣਾ ਚਾਹੀਦਾ ਹੈ ਜਿਸਨੇ CARB ਦੇ ਮੁਫ਼ਤ, ਔਨਲਾਈਨ HD I/M ਟੈਸਟਰ ਸਿਖਲਾਈ ਕੋਰਸ ਨੂੰ ਕੀਤਾ ਹੋਵੇ ਅਤੇ ਸੰਬੰਧਿਤ ਇਮਤਿਹਾਨ ਨੂੰ ਪਾਸ ਕੀਤਾ ਹੋਵੇ। CARB ਭਾੜੇ ’ਤੇ ਟੈਸਟਿੰਗ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲੇ HD I/M ਟੈਸਟਰਾਂ ਦੀ ਸੰਪਰਕ ਜਾਣਕਾਰੀ ਦੇ ਨਾਲ ਇੱਕ ਸੂਚੀ, CARB ਦੇ HD I/M ਵੈੱਬਪੰਨੇ ’ਤੇ ਪ੍ਰਕਾਸ਼ਿਤ ਕਰੇਗਾ, ਜਿਸ ਵਿੱਚ ਮੋਬਾਈਲ ਸੇਵਾਵਾਂ ਵੀ ਸ਼ਾਮਲ ਹੋ ਸਕਦੀਆਂ ਹਨ: https://ww2.arb.ca.gov/our-work/programs/heavy-duty-inspection-and-maintenance-program.

ਇਹ ਸੂਚੀ ਪਹਿਲਾਂ 2022 ਦੇ ਅੰਤ ਦੇ ਨੇੜੇ ਉਪਲਬਧ ਹੋਵੇਗੀ ਅਤੇ ਇਸਨੂੰ ਸਮੇਂ-ਸਮੇਂ ’ਤੇ ਅੱਪਡੇਟ ਕੀਤਾ ਜਾਵੇਗਾ। ਇਸ ਸੂਚੀ ਵਿੱਚ ਸ਼ਾਮਲ ਕਰਨਾ CARB ਦੁਆਰਾ ਪਿੱਠਅੰਕਣ ਨਹੀਂ ਹੈ ਸਗੋਂ ਇਹ ਸਿਰਫ਼ HD I/M ਟੈਸਟਰਾਂ ਵਾਸਤੇ ਅਤੇ ਉਹਨਾਂ ਦੀਆਂ ਸੇਵਾਵਾਂ ਲੋੜਦੇ ਹੋ ਸਕਦੇ ਵਾਹਨ ਮਾਲਕਾਂ ਵਾਸਤੇ ਇੱਕ ਮਿਹਰਬਾਨੀ ਹੈ।

HD I/M ਟੈਸਟਰਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ HD I/M ਟੈਸਟਰ ਸਿਖਲਾਈ ਅਤੇ ਇਮਤਿਹਾਨ ਤੱਥ ਸ਼ੀਟ ਦੇਖੋ।

# *ਭਵਿੱਖ 2023 ਪ੍ਰੋਗਰਾਮ ਦੀਆਂ ਲੋੜਾਂ*

## ਕੀ ਵਾਹਨ ਮਾਲਕਾਂ ਲਈ ਕੋਈ ਹੋਰ ਲੋੜਾਂ ਹਨ ਜੋ 2023 ਵਿੱਚ ਸ਼ੁਰੂ ਹੋਣੀਆਂ ਹਨ?

ਹਾਂ। ਮੱਧ-2023 ਵਿੱਚ ਸ਼ੁਰੂ ਕਰਕੇ, ਵਾਹਨ ਮਾਲਕਾਂ ਕੋਲੋਂ CARB ਦੇ HD I/M ਡੇਟਾਬੇਸ ਵਿੱਚ ਮਾਲਕ ਖਾਤੇ ਬਣਾਉਣਾ, ਆਪਣੇ ਫਲੀਟਾਂ ਵਿਚਲੇ ਵਾਹਨਾਂ ਦੀ ਪੁਸ਼ਟੀ ਕਰਨਾ, ਅਤੇ ਹਰ ਵਾਹਨ ਲਈ ਪਹਿਲੀ ਸਾਲਾਨਾ ਤਾਮੀਲ ਫੀਸ ਦਾ ਭੁਗਤਾਨ ਕਰਨਾ ਲੋੜਿਆ ਜਾਵੇਗਾ। HD I/M ਡੇਟਾਬੇਸ ਵਿੱਚ ਮੌਜੂਦਾ CARB ਡੇਟਾਬੇਸਾਂ ਤੋਂ DMV ਡੇਟਾ ਤੋਂ ਵਾਹਨ ਡੇਟਾ ਸ਼ਾਮਲ ਕੀਤਾ ਜਾਵੇਗਾ। ਕਈ ਵਾਹਨ ਮਾਲਕਾਂ ਨੂੰ ਕੇਵਲ ਇਹ ਜਾਂਚ ਕਰਨ ਦੀ ਲੋੜ ਪਵੇਗੀ ਕਿ ਵਾਹਨ ਡੇਟਾ ਦਰੁਸਤ ਹੈ, ਹਾਲਾਂਕਿ ਕਈ ਹੋਰਨਾਂ ਨੂੰ ਹੱਥੀਂ ਡੇਟਾ ਭਰਨ ਦੀ ਲੋੜ ਪੈ ਸਕਦੀ ਹੈ।

## ਮੈਨੂੰ ਕਿਵੇਂ ਪਤਾ ਚੱਲੇਗਾ ਕਿ ਮੈਨੂੰ ਕਦੋਂ ਮੇਰਾ ਮਾਲਕ ਖਾਤਾ ਬਣਾਉਣ, ਮੇਰੇ ਵਾਹਨ ਡੇਟਾ ਦੀ ਜਾਂਚ ਕਰਨ, ਅਤੇ ਮੇਰੀ ਸ਼ੁਰੂਆਤੀ ਤਾਮੀਲ ਫੀਸ ਦਾ ਭੁਗਤਾਨ ਕਰਨ ਦੀ ਲੋੜ ਪਵੇਗੀ?

ਲੋੜਾਂ ਦੇ ਪ੍ਰਭਾਵੀ ਹੋਣ ਅਤੇ ਇਹਨਾਂ ਨੂੰ ਲਾਗੂ ਕੀਤੇ ਜਾਣ ਤੋਂ ਪਹਿਲਾਂ, CARB ਕੋਲੋਂ ਲੋੜਿਆ ਜਾਂਦਾ ਹੈ ਕਿ ਇਹ ਕੈਲੀਫੋਰਨੀਆ ਰੈਗੂਲੇਟਰੀ ਨੋਟਿਸ ਰਜਿਸਟਰ ਉੱਤੇ ਅਤੇ CARB ਦੀ ਵੈੱਬਸਾਈਟ ਉੱਤੇ ਘੱਟੋ-ਘੱਟ 90 ਕੈਲੰਡਰ ਦਿਨ ਪਹਿਲਾਂ ਅਗਾਊਂ ਨੋਟਿਸ ਪ੍ਰਦਾਨ ਕਰੇ। CARB ਬਾਹਰੀ-ਪਹੁੰਚ (outreach) ਕਿਰਿਆਵਾਂ ਰਾਹੀਂ ਵੀ ਵਾਹਨ ਮਾਲਕਾਂ ਨੂੰ ਸੂਚਿਤ ਕਰੇਗਾ, ਜਿਵੇਂ ਕਿ ਸਿਖਲਾਈ ਸੈਸ਼ਨ, ਸੇਧਿਤ ਈਮੇਲ ਮੁਹਿੰਮਾਂ, ਅਤੇ ਪ੍ਰੋਗਰਾਮ ਘੋਸ਼ਣਾਵਾਂ ਜਿਨ੍ਹਾਂ ਦੀ ਅਦਾਇਗੀ ਸਿੱਧੇ ਤੌਰ 'ਤੇ ਈਮੇਲ ਇਨਬਾਕਸ ਵਿੱਚ ਕੀਤੀ ਜਾਂਦੀ ਹੈ ਜਦ ਤੁਸੀਂ HD I/M ਪ੍ਰੋਗਰਾਮ ਅੱਪਡੇਟ ਪ੍ਰਾਪਤ ਕਰਨ ਲਈ ਸਬਸਕ੍ਰਾਈਬ ਕਰਦੇ ਹੋ। ਅਸੀਂ ਪੁਰਜ਼ੋਰ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਇਹਨਾਂ ਅੱਪਡੇਟਾਂ ਨੂੰ ਪ੍ਰਾਪਤ ਕਰਨ ਲਈ ਇਸ ਲਿੰਕ 'ਤੇ ਸਬਸਕ੍ਰਾਈਬ ਕਰੋ:
https://public.govdelivery.com/accounts/CARB/subscriber/new?topid=hdim.

## ਕੀ CARB ਵਾਹਨ ਮਾਲਕਾਂ ਨੂੰ ਇਸ ਬਾਰੇ ਸਿਖਲਾਈ ਪ੍ਰਦਾਨ ਕਰੇਗਾ ਕਿ HD I/M ਡੇਟਾਬੇਸ ਦੀ ਵਰਤੋਂ ਕਿਵੇਂ ਕਰਨੀ ਹੈ?

ਹਾਂ, ਖਾਤੇ ਸਥਾਪਤ ਕਰਨ ਲਈ HD I/M ਡੇਟਾਬੇਸ ਦੀ ਵਰਤੋਂ ਕਿਵੇਂ ਕਰਨੀ ਹੈ, ਵਾਹਨ ਜਾਣਕਾਰੀ ਦੀ ਜਾਂਚ ਕਰਨ ਅਤੇ ਇਸਨੂੰ ਦਾਖਲ ਕਰਨ ਲਈ, ਅਤੇ ਇਹਨਾਂ ਲੋੜਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਤਾਮੀਲ ਫੀਸਾਂ ਦਾ ਭੁਗਤਾਨ ਕਰਨ ਲਈ ਲੋਕਾਂ ਨੂੰ ਸਿੱਖਿਅਤ ਕਰਨ ਵਾਸਤੇ CARB ਸਿਖਲਾਈ ਸੈਸ਼ਨ ਪ੍ਰਦਾਨ ਕਰੇਗਾ। ਸਿਖਲਾਈਆਂ ਲਾਈਵ, ਵੈਬੀਨਾਰ ਦੁਆਰਾ, ਅਤੇ/ਜਾਂ ਰਿਕਾਰਡ ਕੀਤੇ ਅਤੇ ਲਿਖਤੀ ਟਿਊਟੋਰੀਅਲਾਂ ਰਾਹੀਂ ਹੋ ਸਕਦੀਆਂ ਹਨ। ਜਾਣਕਾਰੀ ਪ੍ਰਾਪਤ ਕਰਦੇ ਰਹਿਣ ਲਈ, ਇਸ ਲਿੰਕ 'ਤੇ ਸਬਸਕ੍ਰਾਈਬ ਕਰੋ:
https://public.govdelivery.com/accounts/CARB/subscriber/new?topid=hdim.

## ਮਾਲਕ ਵਜੋਂ ਆਪਣੇ ਖਾਤੇ ਨੂੰ ਸਥਾਪਤ ਕਰਨ ਦੇ ਬਾਅਦ ਜੇ ਮੈਂ ਆਪਣੇ ਫਲੀਟ ਵਿੱਚ ਕੋਈ ਵਾਹਨ ਸ਼ਾਮਲ ਕਰਦਾ ਜਾਂ ਹਟਾਉਂਦਾ ਹਾਂ ਤਾਂ ਕੀ ਹੁੰਦਾ ਹੈ?

ਵਾਹਨ ਮਾਲਕ ਸਟੀਕ ਜਾਣਕਾਰੀ ਬਣਾਈ ਰੱਖਣ ਲਈ ਜ਼ਿੰਮੇਵਾਰ ਹੁੰਦੇ ਹਨ ਅਤੇ ਉਹਨਾਂ ਵਾਸਤੇ ਲਾਜ਼ਮੀ ਹੈ ਕਿ ਕਿਸੇ ਵਾਹਨ ਨੂੰ ਸ਼ਾਮਲ ਕਰਨ ਜਾਂ ਹਟਾਉਣ ਲਈ ਕੀਤੇ ਲੈਣ-ਦੇਣ ਦੇ 30 ਕੈਲੰਡਰ ਦਿਨਾਂ ਦੇ ਅੰਦਰ ਵਾਹਨ ਬਾਰੇ ਜਾਣਕਾਰੀ ਨੂੰ ਅੱਪਡੇਟ ਕਰਨ।

## ਜੇ ਮੈਂ ਆਪਣਾ ਮਾਲਕ ਦਾ ਖਾਤਾ ਨਹੀਂ ਬਣਾਉਂਦਾ/ਦੀ ਹਾਂ ਅਤੇ ਸ਼ੁਰੂਆਤੀ ਤਾਮੀਲ ਫੀਸ ਦਾ ਭੁਗਤਾਨ ਨਹੀਂ ਕਰਦਾ/ਦੀ ਹਾਂ ਤਾਂ ਕੀ ਵਾਪਰਦਾ ਹੈ?

ਮੱਧ-2023 ਵਿੱਚ ਜਦ ਇਹ ਲੋੜਾਂ ਸ਼ੁਰੂ ਹੋ ਜਾਂਦੀਆਂ ਹਨ ਤਾਂ ਇਹਨਾਂ ਲੋੜਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਵਾਹਨ ਮਾਲਕਾਂ ਨੂੰ ਆਪਣੇ ਖਾਤੇ ਬਣਾਉਣ ਲਈ, ਵਾਹਨ ਡੇਟਾ ਚੈੱਕ ਕਰਨ ਲਈ, ਅਤੇ ਤਾਮੀਲ ਫੀਸਾਂ ਅਦਾ ਕਰਨ ਲਈ ਕੁਝ ਸਮਾਂ ਮਿਆਦ ਦਿੱਤੀ ਜਾਵੇਗੀ। ਇੱਕ ਵਾਰ ਜਦੋਂ ਲਾਗੂਕਰਨ ਸ਼ੁਰੂ ਹੋ ਜਾਂਦਾ ਹੈ, ਤਾਂ ਜਿਹੜੇ ਵਾਹਨ ਮਾਲਕ ਇਹਨਾਂ ਲੋੜਾਂ ਦੀ ਤਾਮੀਲ ਨਹੀਂ ਕਰਦੇ ਉਹਨਾਂ ਨੂੰ ਤਾਮੀਲ ਨਾ ਕਰਨ ਵਾਸਤੇ ਉਲੇਖ-ਪੱਤਰ ਜਾਰੀ ਕੀਤਾ ਜਾ ਸਕਦਾ ਹੈ ਅਤੇ/ਜਾਂ ਉਹਨਾਂ ਦੀਆਂ DMV ਵਾਹਨ ਰਜਿਸਟ੍ਰੇਸ਼ਨਾਂ ਬਲੌਕ ਕੀਤੀਆਂ ਜਾ ਸਕਦੀਆਂ ਹਨ।

## ਕੀ ਕੋਈ ਹੋਰ HD I/M ਲੋੜਾਂ ਹਨ ਜੋ 2023 ਤੋਂ ਸ਼ੁਰੂ ਹੋਣਗੀਆਂ?

ਹਾਂ। ਉੱਪਰ ਵਰਣਨ ਕੀਤੇ ਅਨੁਸਾਰ ਵਾਹਨ ਜਾਣਕਾਰੀ ਦੇ ਨਾਲ ਮਾਲਕ ਖਾਤੇ ਸਥਾਪਤ ਕਰਨ ਦੀਆਂ ਲੋੜਾਂ ਲਾਗੂ ਹੋ ਜਾਣ ’ਤੇ, ਮਾਲ ਭੇਜਕ ਸੇਵਾਵਾਂ ਦੇਣ ਵਾਲੇ ਠੇਕੇਦਾਰਾਂ ਅਤੇ ਦਲਾਲਾਂ ਵਾਸਤੇ ਇਹ ਪੁਸ਼ਟੀ ਕਰਨਾ ਲਾਜ਼ਮੀ ਹੈ ਕਿ ਜਿਹੜੇ ਹੈਵੀ-ਡਿਊਟੀ ਵਾਹਨਾਂ ਦੀਆਂ ਸੇਵਾਵਾਂ ਉਹ ਠੇਕੇ ’ਤੇ ਲੈਂਦੇ ਹਨ ਉਹ ਵਾਹਨ HD I/M ਅਧਿਨਿਯਮ ਦੀ ਤਾਮੀਲ ਕਰਦੇ ਹੋਣ। ਇਸ ਵਿੱਚ ਉਹ ਜਨਤਕ ਅਦਾਰੇ ਵੀ ਸ਼ਾਮਲ ਹਨ ਜੋ ਹੈਵੀ-ਡਿਊਟੀ ਟਰੱਕਾਂ ਦੀਆਂ ਸੇਵਾਵਾਂ ਵਾਸਤੇ ਠੇਕਾ ਕਰਦੇ ਹਨ। ਇਸ ਤੋਂ ਇਲਾਵਾ, ਸਮੁੰਦਰੀ ਬੰਦਰਗਾਹ ਅਤੇ ਰੇਲ-ਯਾਰਡ ਸੁਵਿਧਾਵਾਂ ਵਾਸਤੇ ਵੀ ਉਹਨਾਂ ਵਾਹਨਾਂ ਲਈ HD I/M ਅਧਿਨਿਯਮ ਨਾਲ ਤਾਮੀਲ ਦੀ ਪੁਸ਼ਟੀ ਕਰਨਾ ਲਾਜ਼ਮੀ ਹੈ ਜੋ ਉਹਨਾਂ ਦੀਆਂ ਸੁਵਿਧਾਵਾਂ ਅੰਦਰ ਦਾਖਲ ਹੁੰਦੇ ਹਨ।

### *HD I/M ਅਧਿਨਿਯਮ ਬਾਰੇ ਵਧੇਰੇ ਜਾਣਕਾਰੀ ਮੈਂ ਕਿੱਥੋਂ ਲਵਾਂ?*

## ਮੈਂ HD I/M ਪ੍ਰੋਗਰਾਮ ਦੀਆਂ ਕਿਰਿਆਵਾਂ ਬਾਰੇ ਤਾਜ਼ਾ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ/ਦੀ ਹਾਂ?

ਪ੍ਰੋਗਰਾਮ ਦੇ ਲਾਗੂਕਰਨ ਅਤੇ ਹੋਰ ਕਿਰਿਆਵਾਂ ਬਾਰੇ ਆਟੋਮੈਟਿਕ ਈਮੇਲ ਅੱਪਡੇਟ ਪ੍ਰਾਪਤ ਕਰਨ ਲਈ, ਕੈਲੀਫੋਰਨੀਆ ਏਅਰ ਰਿਸੌਰਸਜ਼ ਬੋਰਡ (govdelivery.com) ਵਿਖੇ GovDelivery ਸੂਚੀ ਉੱਤੇ ਸਾਈਨ ਅੱਪ ਕਰੋ।

## HD I/M ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਮੈਂ ਕਿੱਥੋਂ ਪ੍ਰਾਪਤ ਕਰ ਸਕਦਾ/ਦੀ ਹਾਂ?

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ ਨੂੰ ਦੇਖੋ:
https://ww2.arb.ca.gov/sites/default/files/truckstop/hdim/hdim.html ਜਾਂ
https://ww2.arb.ca.gov/our-work/programs/heavy-duty-inspection-and-maintenance-program.

ਤੁਸੀਂ HD I/M ਟੈਸਟਰ ਸਿਖਲਾਈ ਕੋਰਸ ਵਾਸਤੇ ਵਿਕਸਿਤ ਕੀਤੇ CARB ਦੇ ਸਿਖਲਾਈ ਮਾਡਿਊਲਾਂ ਨੂੰ ਏਥੇ ਵੀ ਦੇਖ ਸਕਦੇ ਹੋ: https://ww2.arb.ca.gov/sites/default/files/truckstop/azregs/training.html. ਉਹਨਾਂ ਨੂੰ ਦੇਖਣ ਲਈ ਸਕ੍ਰੋਲ ਕਰਕੇ "Helpful Videos" (ਮਦਦਗਾਰੀ ਵੀਡੀਓ) ਸੈਕਸ਼ਨ 'ਤੇ ਜਾਓ। ਇਹ ਮਾਡਿਊਲ HD I/M ਅਧਿਨਿਯਮ ਅਤੇ ਟੈਸਟਿੰਗ ਪ੍ਰਕਿਰਿਆਵਾਂ ਦੀਆਂ ਲੋੜਾਂ ਬਾਰੇ ਵਧੇਰੇ ਡੂੰਘੀ ਜਾਣਕਾਰੀ ਪ੍ਰਦਾਨ ਕਰਦੇ ਹਨ, ਜੋ ਵਾਹਨ ਮਾਲਕਾਂ ਲਈ ਉਪਯੋਗੀ ਹੋ ਸਕਦੀ ਹੈ।

## ਅੰਤਿਮ HD I/M ਅਧਿਨਿਯਮ ਦੀ ਲਿਖਤ ਮੈਨੂੰ ਕਿੱਥੇ ਮਿਲ ਸਕਦੀ ਹੈ?

HD I/M ਅਧਿਨਿਯਮ, ਜਿਸਨੂੰ ਅੰਤਿਮ ਅਧਿਨਿਯਮ ਆਦੇਸ਼ ਕਿਹਾ ਜਾਂਦਾ ਹੈ, ਸਿਰਲੇਖ 13, ਕੈਲੀਫੋਰਨੀਆ ਅਧਿਨਿਯਮ ਜ਼ਾਬਤਾ, ਸੈਕਸ਼ਨ 2195 - 2199.1 ਵਿੱਚ ਹੈ ਅਤੇ ਇਹ ਏਥੇ ਉਪਲਬਧ ਹੈ:
https://ww2.arb.ca.gov/sites/default/files/barcu/regact/2021/hdim2021/hdi-mfroatta-1.pdf.

## ਜੇ ਮੇਰੇ ਕੋਈ ਵਾਧੂ ਸਵਾਲ ਹੋਣ ਤਾਂ ਮੈਂ CARB ਨਾਲ ਕਿਵੇਂ ਸੰਪਰਕ ਕਰਾਂ?

ਕਿਰਪਾ ਕਰਕੇ ਅਮਲੇ ਨੂੰ ਇਸ ਪਤੇ 'ਤੇ ਈਮੇਲ ਕਰੋ: hdim@arb.ca.gov. ਅਸੀਂ ਆਮ ਤੌਰ 'ਤੇ ਤਿੰਨ ਤੋਂ ਪੰਜ ਕਾਰੋਬਾਰੀ ਦਿਨਾਂ ਦੇ ਅੰਦਰ ਜਵਾਬ ਦੇ ਦਿੰਦੇ ਹਾਂ।